**ਆਸਾ ਮਹਲਾ ੧ ਚਉਪਦੇ ॥ ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥ ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥ {ਪੰਨਾ 356}**

ਨੋਟ:- ਇਹ ਸਾਰਾ ਸੰਗ੍ਰਹ 'ਘਰੁ 2' ਦਾ ਚਲਾ ਆ ਰਿਹਾ ਹੈ। ਪਹਿਲੇ 18 ਸ਼ਬਦ 'ਚਉਪਦੇ' ਹਨ; ਫਿਰ 6 ਸ਼ਬਦ 'ਪੰਚਪਦੇ' ਹਨ। ਹੁਣ ਫਿਰ 'ਚਉਪਦੇ' ਸ਼ੁਰੂ ਹੋ ਗਏ ਹਨ। ਇਹ ਗਿਣਤੀ ਵਿਚ ਚਾਰ ਹਨ। ਵੇਖੋ ਲਫ਼ਜ਼ 'ਚਉਪਦੇ' ਦੇ ਹੇਠ ਅੰਕ 4। ਪਹਿਲੇ ਚਉਪਦੇ-ਸ਼ਬਦਾਂ ਦੇ ਹਰੇਕ ਬੰਦ ਵਿਚ 'ਚਉਪਈ'-ਮੇਲ ਦੀਆਂ ਘੱਟ ਤੋਂ ਘੱਟ 4 ਤੁਕਾਂ ਹਨ, 'ਦੋਹਰਾ'-ਮੇਲ ਦੀਆਂ ਦੋ ਤੁਕਾਂ, ਪਰ ਇਸ ਨਵੇਂ ਸੰਗ੍ਰਹ ਵਿਚ 'ਚੌਪਈ'-ਮੇਲ ਦੀਆਂ ਤੁਕਾਂ ਹੀ ਸਿਰਫ਼ ਦੋ ਦੋ ਹਨ। ਇਹ ਸੰਗ੍ਰਹ ਪਹਿਲੇ ਨਾਲੋਂ ਵੱਖ ਲਿਖ ਦਿੱਤਾ ਗਿਆ ਹੈ।

ਨੋਟ:- ਇਸ ਸ਼ਬਦ ਦੀਆਂ ਤੁਕਾਂ ਵਿਚ ਦੋ ਦੋ ਚੀਜ਼ਾਂ ਦਾ ਟਾਕਰਾ ਕਰ ਕੇ ਇਕ ਨਾਲੋਂ ਦੂਜੀ ਵਧੀਆ ਦੱਸੀ ਗਈ ਹੈ—ਤੀਰਥਵਾਸੀ ਉਹੀ ਸਮਝੋ ਜੋ ਪੰਚਰਾਸੀ ਹੈ।

ਜੇ 'ਮਨੁ ਲਾਗੈ' ਤਾਂ 'ਘੁੰਘਰੂ ਵਾਜੈ' ਪ੍ਰਵਾਨ ਹੈ।

ਜੇ 'ਆਸ ਨਿਰਾਸੀ' ਹੈ ਤਾਂ ਹੀ 'ਸੰਨਿਆਸੀ' ਹੈ।

ਜੇ 'ਜੋਗੀ ਜਤੁ' ਹੈ ਤਾਂ ਹੀ ਅਸਲ 'ਕਾਇਆ ਭੋਗੀ' ਹੈ।

ਜੇ 'ਦਇਆ' ਹੈ, ਜੇ 'ਦੇਹ ਬੀਚਾਰੀ' ਹੈ ਤਾਂ ਹੀ 'ਦਿਗੰਬਰ' ਹੈ।

ਜੇ 'ਆਪਿ ਮਰੈ' ਤਾਂ ਹੀ ਸਮਝੋ ਕਿ 'ਅਵਰਾ ਨਹ ਮਾਰੀ'।

ਇਸੇ ਹੀ ਤਰ੍ਹਾਂ ਪਹਿਲੀ ਤੁਕ ਵਿਚ ਭੀ ਇਕ ਚੀਜ਼ ਦੇ ਟਾਕਰੇ ਤੇ ਦੂਜੀ ਪ੍ਰਵਾਨ ਕੀਤੀ ਗਈ ਹੈ; ਭਾਵ, ਉਹੀ ਹੈ 'ਵਿਦਿਆ ਵੀਚਾਰੀ' ਜੋ 'ਪਰਉਪਕਾਰੀ' ਹੈ।

ਸੋ, ਪਹਿਲੀ ਤੁਕ ਦੇ ਪਾਠ ਵੇਲੇ ਲਫ਼ਜ਼ 'ਤਾਂ' ਉਤੇ ਬਿਸਰਾਮ ਕਰਨਾ ਹੈ। ਅਰਥ ਵੇਲੇ ਲਫ਼ਜ਼ 'ਪਰਉਪਕਾਰੀ' ਦੇ ਨਾਲ ਲਫ਼ਜ਼ 'ਜਾਂ' ਵਰਤਣਾ ਹੈ।

ਪਦਅਰਥ:- ਪੰਚਰਾਸੀ—ਪੰਜ ਕਾਮਾਦਿਕਾਂ ਨੂੰ ਰਾਸ ਕਰ ਲੈਣ ਵਾਲਾ, ਵੱਸ ਵਿਚ ਕਰ ਲੈਣ ਵਾਲਾ।1।

ਆਗੈ—ਪਰਲੋਕ ਵਿਚ।1। ਰਹਾਉ।

ਕਾਇਆ ਭੋਗੀ—ਕਾਇਆ ਨੂੰ ਭੋਗਣ ਵਾਲਾ, ਗ੍ਰਿਹਸਤੀ।2।

ਦਿਗੰਬਰੁ—{ਦਿਗ-ਅੰਬਰ} ਦਿਸ਼ਾ ਹਨ ਜਿਸ ਦੇ ਕੱਪੜੇ, ਨੰਗਾ ਰਹਿਣ ਵਾਲਾ, ਨਾਂਗਾ ਜੈਨੀ।3।

ਚੋਜ—ਕੌਤਕ, ਤਮਾਸ਼ੇ।4।

ਅਰਥ:- (ਵਿਦਿਆ ਪ੍ਰਾਪਤ ਕਰ ਕੇ) ਜੋ ਮਨੁੱਖ ਦੂਜਿਆਂ ਨਾਲ ਭਲਾਈ ਕਰਨ ਵਾਲਾ ਹੋ ਗਿਆ ਹੈ ਤਾਂ ਹੀ ਸਮਝੋ ਕਿ ਉਹ ਵਿੱਦਿਆ ਪਾ ਕੇ ਵਿਚਾਰਵਾਨ ਬਣਿਆ ਹੈ। ਤੀਰਥਾਂ ਤੇ ਨਿਵਾਸ ਰੱਖਣ ਵਾਲਾ ਤਦੋਂ ਹੀ ਸਫਲ ਹੈ, ਜੇ ਉਸ ਨੇ ਪੰਜੇ ਕਾਮਾਦਿਕ ਵੱਸ ਕਰ ਲਏ ਹਨ।1।

ਜੇ ਮੇਰਾ ਮਨ ਪ੍ਰਭੂ-ਚਰਨਾਂ ਵਿਚ ਜੁੜਨਾ ਸਿੱਖ ਗਿਆ ਹੈ ਤਦੋਂ ਹੀ (ਭਗਤੀਆ ਬਣ ਕੇ) ਘੁੰਘਰੂ ਵਜਾਣੇ ਸਫਲ ਹਨ।

ਫਿਰ ਪਰਲੋਕ ਵਿਚ ਜਮ ਮੇਰਾ ਕੁਝ ਭੀ ਨਹੀਂ ਵਿਗਾੜ ਸਕਦਾ।1। ਰਹਾਉ।

ਜੇ ਸਭ ਮਾਇਕ-ਆਸਾਂ ਵਲੋਂ ਉਪਰਾਮ ਹੈ ਤਾਂ ਸਮਝੋ ਇਹ ਸੰਨਿਆਸੀ ਹੈ। ਜੇ (ਗ੍ਰਿਹਸਤੀ ਹੁੰਦਿਆਂ) ਜੋਗੀ ਵਾਲਾ ਜਤ (ਕਾਇਮ) ਹੈ ਤਾਂ ਉਸ ਨੂੰ ਅਸਲ ਗ੍ਰਿਹਸਤੀ ਜਾਣੋ।2।

ਜੇ (ਹਿਰਦੇ ਵਿਚ) ਦਇਆ ਹੈ, ਜੇ ਸਰੀਰ ਨੂੰ (ਵਿਕਾਰਾਂ ਵਲੋਂ ਪਵਿੱਤ੍ਰ ਰੱਖਣ ਦੀ) ਵਿਚਾਰ ਵਾਲਾ ਭੀ ਹੈ, ਤਾਂ ਉਹ ਅਸਲ ਦਿਗੰਬਰ (ਨਾਂਗਾ ਜੈਨੀ); ਜੋ ਮਨੁੱਖ ਆਪ (ਵਿਕਾਰਾਂ ਵਲੋਂ) ਮਰਿਆ ਹੋਇਆ ਹੈ ਉਹੀ ਹੈ (ਅਸਲ ਅਹਿੰਸਾ-ਵਾਦੀ) ਜੋ ਹੋਰਨਾਂ ਨੂੰ ਨਹੀਂ ਮਾਰਦਾ।3।

(ਪਰ ਕਿਸੇ ਨੂੰ ਮੰਦਾ ਨਹੀਂ ਕਿਹਾ ਜਾ ਸਕਦਾ, ਹੇ ਪ੍ਰਭੂ!) ਇਹ ਸਾਰੇ ਤੇਰੇ ਹੀ ਅਨੇਕਾਂ ਵੇਸ ਹਨ, ਹਰੇਕ ਵੇਸ ਵਿਚ ਤੂੰ ਆਪ ਮੌਜੂਦ ਹੈਂ। ਨਾਨਕ (ਵਿਚਾਰਾ) ਤੇਰੇ ਕੌਤਕ-ਤਮਾਸ਼ੇ ਸਮਝ ਨਹੀਂ ਸਕਦਾ।4। 25।